# 5 ਜਾਣਕਾਰੀ, ਜੋ ਤੁਹਾਨੂੰ ਹੋਣੀ ਚਾਹੀਦੀ ਹੈ

# ਮੂਲ ਰਾਸ਼ਟਰ ਦੇ ਅਧਾਰ ‘ਤੇ ਪੱਖਪਾਤ, ਕਾਰਜ-ਸਥਾਨ ਵਿਖੇ

1 **ਨਿਊ ਜਰਸੀ ਵਿੱਚ, ਕਾਰਜ-ਸਥਾਨ ਵਿਖੇ ਰਾਸ਼ਟਰ ਅਧਾਰਿਤ ਪੱਖਪਾਤ ਅਤੇ ਉਤਪੀੜਨ ਗੈਰ-ਕਾਨੂੰਨੀ ਹੈ।** ਨਿਊ ਜਰਸੀ ਦਾ ਪੱਖਪਾਤ ਵਿਰੋਧੀ ਕਾਨੂੰਨ (ਐਲਏਡੀ) ਤੁਹਾਨੂੰ ਰਾਸ਼ਟਰ ਦੇ ਅਧਾਰ ‘ਤੇ ਕਾਰਜ-ਸਥਾਨ ਵਿਖੇ ਅਤੇ ਸਹਿਕਰਮੀਆਂ, ਸੁਪਰਵਾਈਜ਼ਰਾਂ ਅਤੇ ਮੁਹਤਬਰਾਂ ਵੱਲੋਂ ਕੀਤੇ ਜਾਣ ਵਾਲੇ ਪੱਖਪਾਤ ਅਤੇ ਉਤਪੀੜਨ ਤੋਂ ਬਚਾਉਂਦਾ ਹੈ, ਭਾਵੇਂ ਤੁਸੀਂ ਰਿਫ਼ਿਊਜੀ, ਮਾਈਗ੍ਰੈਂਟ ਜਾਂ ਗੈਰ-ਅਮਰੀਕੀ ਨਾਗਰਿਕ ਹੋ। ਇਸ ਵਿੱਚ ਸ਼ਾਮਲ ਹਨ, ਤੁਹਾਡੇ ਅਸਲ ਜਾਂ ਸਮਝੇ ਗਏ ਮੂਲ, ਮੂਲ ਰਾਸ਼ਟਰ ਜਾਂ ਭਾਸ਼ਾ ਦੇ ਅਧਾਰ ‘ਤੇ ਕੀਤਾ ਗਿਆ ਨਾਜਾਇਜ਼ ਵਿਹਾਰ।

2 **ਆਮ ਤੌਰ ‘ਤੇ ਰੋਜ਼ਗਾਰਦਾਤਾ ਰੋਜ਼ਗਾਰ ਦੇਣ ਸਬੰਧੀ ਨਿਰਨਾ ਤੁਹਾਡੇ ਮੂਲ ਰਾਸ਼ਟਰ ਦੇ ਅਧਾਰ ‘ਤੇ ਨਹੀਂ ਲੈਂਦੇ।** ਰੋਜ਼ਗਾਰਦਾਤਾ ਨੌਕਰੀ ਸਬੰਧੀ ਫ਼ੈਸਲੇ (ਜਿਵੇਂ ਨੌਕਰੀ ‘ਤੇ ਰੱਖਣਾ, ਕੱਢਣਾ ਅਤੇ ਤਨਖ਼ਾਹ) ਤੁਹਾਡੇ ਮੂਲ ਰਾਸ਼ਟਰ ਦੇ ਅਧਾਰ ‘ਤੇ ਨਹੀਂ ਲੈ ਸਕਦੇ। ਉਦਾਹਰਨ ਵਜੋਂ, ਤੁਹਾਡਾ ਰੋਜ਼ਗਾਰਦਾਤਾ ਤੁਹਾਨੂੰ ਇਸ ਲਈ ਨਹੀਂ ਕੱਢ ਸਕਦਾ ਕਿਉਂਕਿ ਤੁਸੀਂ ਮੈਕਸੀਕੋ ਵਿੱਚ ਪੈਦਾ ਹੋਏ ਜਾਂ ਤੁਹਾਨੂੰ ਇਸ ਲਈ ਘੱਟ ਤਨਖ਼ਾਹ ਨਹੀਂ ਦੇ ਸਕਦਾ ਕਿਉਂਕਿ ਤੁਸੀਂ ਅਮਰੀਕਾ ਦੇ ਨਾਗਰਿਕ ਨਹੀਂ ਹੋ। ਰੋਜ਼ਗਾਰਦਾਤਾ ਫੈਡਰਲ ਫਾਰਮ ਆਈ-੭ ਪ੍ਰਕਿਰਿਆ ਅਧੀਨ ਨਵੇਂ ਰੱਖੇ ਕਰਮਚਾਰੀਆਂ ਦੀ ਰੋਜ਼ਗਾਰ-ਯੋਗਤਾ ਦੀ ਪੜਤਾਲ ਕਰ ਸਕਦਾ ਹੈ।

3 **ਕਾਰਜ-ਸਥਾਨ ਵਿਖੇ ਸਫ਼ਲਤਾ ਦੇ ਮਾਮਲੇ ਵਿੱਚ ਤੁਹਾਡੀ ਬੋਲੀ ਤੁਹਾਡੇ ਲਈ ਅੜਿੱਕਾ ਨਹੀਂ ਬਣ ਸਕਦੀ।** ਜੇ ਅੰਗਰੇਜ਼ੀ ਵਿੱਚ ਵਾਰਤਾਲਾਪ, ਕੰਮ ਦੀ ਜ਼ਰੂਰੀ ਮੰਗ ਹੋਵੇ ਅਤੇ ਤੁਸੀਂ ਠੀਕ-ਠਾਕ ਅੰਗਰੇਜ਼ੀ ਬੋਲ ਸਕਦੇ ਹੋ ਤਾਂ ਤੁਹਾਡੀ ਬੋਲੀ ਕਾਰਨ ਰੋਜ਼ਗਾਰਦਾਤਾ ਤੁਹਾਨੂੰ ਕੋਈ ਅਹੁਦਾ ਦੇਣ ਤੋਂ ਮਨ੍ਹਾ ਨਹੀਂ ਕਰ ਸਕਦਾ। ਉਦਾਹਰਨ ਵਜੋਂ, ਜੇ ਤੁਹਾਡੀ ਅੰਗਰੇਜ਼ੀ ਬੋਲੀ ਹੈਤੀ-ਕ੍ਰੀਓਲੀ ਨਾਲ ਮੇਲ ਖਾਂਦੀ ਹੈ ਅਤੇ ਤੁਹਾਡਾ ਰੋਜ਼ਗਾਰਦਾਤਾ ਚਾਹੁੰਦਾ ਹੈ ਕਿ ਤੁਸੀਂ ਅਮਰੀਕੀਆਂ ਵਾਂਗ ਬੋਲੋ ਅਤੇ ਇਸ ਲਈ ਉਹ ਤੁਹਾਨੂੰ ਤਰੱਕੀ ਨਹੀਂ ਦਿੰਦਾ, ਤਾਂ ਇਹ ਗੈਰ-ਕਾਨੂੰਨੀ ਹੈ।

4 **ਕਾਰਜ-ਸਥਾਨ ‘ਤੇ ਹੋਰ ਲੋਕ ਤੁਹਾਡੇ ਮੂਲ ਰਾਸ਼ਟਰ ਕਾਰਨ ਤੁਹਾਡਾ ਉਤਪੀੜਨ ਨਹੀਂ ਕਰ ਸਕਦੇ।** ਜੇਕਰ ਕੋਈ ਗ੍ਰਾਹਕ ਜਾਂ ਸਹਿ-ਕਰਮਚਾਰੀ ਤੁਹਾਡੇ ਮੂਲ ਰਾਸ਼ਟਰ ਕਾਰਨ ਤੁਹਾਡਾ ਉਤਪੀੜਨ ਕਰਦਾ ਹੈ ਅਤੇ ਇਸ ਦਾ ਅਸਰ ਤੁਹਾਡੀ ਕਾਰਜ-ਸ਼ਕਤੀ ‘ਤੇ ਪੈਂਦਾ ਹੈ, ਤਾਂ ਇਹ ਜ਼ਰੂਰੀ ਹੈ ਕਿ ਤੁਹਾਡਾ ਰੋਜ਼ਗਾਰਦਾਤਾ ਇਹ ਮਸਲਾ ਹੱਲ ਕਰੇ, ਜੇ ਉਸ ਨੂੰ ਇਸ ਮਸਲੇ ਬਾਰੇ ਪਤਾ ਹੋਵੇ ਜਾਂ ਪਤਾ ਹੋਣਾ ਚਾਹੀਦਾ ਹੋਵੇ। ਉਤਪੀੜਨ ਵਿੱਚ ਸ਼ਾਮਲ ਹੋ ਸਕਦੇ ਹਨ, ਮੂਲ ਰਾਸ਼ਟਰ ਸਬੰਧੀ ਅਪਮਾਨਜਨਕ ਜਾਂ ਨਿਰਾਦਰਜਨਕ ਟਿੱਪਣੀਆਂ ਦੀ ਵਰਤੋਂ।

5 **ਰੋਜ਼ਗਾਰਦਾਤਾ ਪੱਖਪਾਤ ਦੇ ਮੰਤਵ ਨਾਲ ਨਿਊਟਰਲ ਨੀਤੀਆਂ ਜਾਂ ਨਿਯਮਾਂ ਦੀ ਵਰਤੋਂ ਨਹੀਂ ਕਰ ਸਕਦਾ।** ਨਿਊਟਰਲ ਕਾਰਜ ਨੀਤੀਆਂ ਅਤੇ ਨਿਯਮ, ਜੋ ਕਿਸੇ ਇੱਕ ਮੂਲ ਰਾਸ਼ਟਰ ਦੇ ਲੋਕਾਂ ਨੂੰ ਬਾਕੀਆਂ ਨਾਲੋਂ ਵੱਧ ਬੁਰੇ ਤਰੀਕੇ ਨਾਲ ਪ੍ਰਭਾਵਿਤ ਕਰਦੇ ਹਨ, ਉਨ੍ਹਾਂ ਨੂੰ ਲਾਗੂ ਕਰਨ ਦੀ ਮਨਾਹੀ ਹੈ, ਇਸ ਤੋਂ ਛੁੱਟ ਕਿ ਉਹ ਕਿਸੇ ਵਿਆਪਕ, ਕਾਨੂੰਨੀ ਅਤੇ ਗੈਰ-ਪੱਖਪਾਤੀ ਮੰਤਵ ਦੀ ਪੂਰਤੀ ਲਈ ਜ਼ਰੂਰੀ ਹੋਣ। ਉਦਾਹਰਨ ਵਜੋਂ, ਕਿਸੇ ਅਜਿਹੇ ਕਾਰਜ ਲਈ ਅੰਗਰੇਜ਼ੀ ਵਿੱਚ ਪ੍ਰਵੀਨ ਹੋਣ ਦੀ ਸ਼ਰਤ ਰੱਖਣਾ ਜਿਸ ਲਈ ਅੰਗਰੇਜ਼ੀ ਜ਼ਰੂਰੀ ਨਹੀਂ, ਇਸ ਨਾਲ ਕਿਸੇ ਇੱਕ ਮੂਲ ਰਾਸ਼ਟਰ ਦੇ ਵਿਅਕਤੀਆਂ ਦੀ ਕਾਰਜ-ਕੁਸ਼ਲਤਾ ‘ਤੇ ਬਾਕੀਆਂ ਦੇ ਮੁਕਾਬਲੇ ਬੁਰਾ ਅਸਰ ਪੈ ਸਕਦਾ ਹੈ ਅਤੇ ਇਹ ਐਲਏਡੀ ਦੀ ਉਲੰਘਣਾ ਹੋ ਸਕਦੀ ਹੈ।

ਜੇ ਤੁਸੀਂ ਐਲਏਡੀ ਦੀ ਉਲੰਘਣਾ ਦੀ ਸ਼ਿਕਾਇਤ ਕੀਤੀ ਹੈ, ਭੇਦਭਾਵ ਦੀ ਸ਼ਿਕਾਇਤ ਕੀਤੀ ਹੈ ਜਾਂ ਐਲਏਡੀ ਅਧੀਨ ਆਪਣੇ ਕਿਸੇ ਹੱਕ ਦੀ ਵਰਤੋਂ ਕੀਤੀ ਹੈ, ਤਾਂ ਅਜਿਹਾ ਕਰਨ ਲਈ ਕੋਈ ਵੀ ਵਿਅਕਤੀ ਤੁਹਾਡੇ ਤੋਂ ਬਦਲਾ ਨਹੀਂ ਲੈ ਸਕਦਾ।

ਹੋਰ ਜਾਣਕਾਰੀ ਲਈ, ਜਾਂ ਸ਼ਿਕਾਇਤ ਦਰਜ ਕਰਵਾਉਣ ਲਈ, NJCivilRights.gov ‘ਤੇ ਜਾਓ ਜਾਂ 1-833-NJDCR4U (1-833-653-2748) ‘ਤੇ ਕਾਲ ਕਰੋ। ਡੀਸੀਆਰ ਐਲਏਡੀ ਨੂੰ ਲਾਗੂ ਕਰਦਾ ਹੈ, ਜੋ ਨਿਊ ਜਰਸੀ ਵਿਚਲੇ ਸਾਰੇ ਲੋਕਾਂ ਨੂੰ ਭੇਦਭਾਵ ਤੋਂ ਬਚਾਉਂਦਾ ਹੈ, ਭਾਵੇਂ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਜੋ ਮਰਜ਼ੀ ਹੋਵੇ।
ਹੋਰ ਜਾਣਕਾਰੀ ਲਈ, ਇੱਥੇ ਕਲਿੱਕ ਕਰੋ।

ਹੋਰ ਜਾਣਕਾਰੀ ਲਈ, ਜਾਂ ਸ਼ਿਕਾਇਤ ਦਰਜ ਕਰਵਾਉਣ ਲਈ, NJCivilRights.gov ‘ਤੇ ਜਾਓ ਜਾਂ 1.833.NJDCR4U ‘ਤੇ ਕਾਲ ਕਰੋ।

ਦਫ਼ਤਰ ਅਟਾਰਨੀ ਜਨਰਲ, ਐਨਜੇ
NJCivilRights.gov

NJ DIVISION ON CIVIL RIGHTS
@CivilRightsNJ #CivilRightsNJ #StandUpAgainstHate